# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਨੰ: 236 /ਕੰਡਕਟ

ਮਿਤੀ : 20-06-2023

**ਬੀ.ਕਾਮ. ਸਮੈਸਟਰ-ਦੂਜਾ ਅਤੇ ਸਮੈਸਟਰ-ਛੇਵਾਂ ਦੇ ਮਿਤੀ 31-5-2023 ਨੂੰ ਮਿਸ ਹੋਏ ਪਰਚਿਆਂ ਦੀ ਪ੍ਰੀਖਿਆਵਾਂ ਸਬੰਧੀ ਜਰੂਰੀ ਸੂਚਨਾ**

ਇਸ ਦਫ਼ਤਰ ਵੱਲੋਂ ਜਾਰੀ ਪੱਤਰ ਨੰ: 6015/ਕੰਟਰੋਲਰ ਮਿਤੀ 19-06-2023 ਦੀ ਲਗਾਤਾਰਤਾ ਵਿੱਚ ਸੂਚਿਤ ਕੀਤਾ ਜਾਂਦਾ ਕੁੱਝ ਕਾਲਜਾਂ ਵੱਲੋਂ ਯੂਨੀਵਰਸਿਟੀ ਪ੍ਰੀਖਿਆਵਾਂ ਦਾ ਬਾਈਕਾਟ ਕਰਨ ਕਰਕੇ ਉਨ੍ਹਾਂ ਕਾਲਜਾਂ ਵਿਖੇ ਸਥਾਪਤ ਪ੍ਰੀਖਿਆ ਕੇਂਦਰਾਂ ਤੇ ਮਿਤੀ 31-5-2023 (ਸਵੇਰ ਅਤੇ ਸ਼ਾਮ ਦੇ ਸੈਸ਼ਨ) ਵਿੱਚ ਕਈ ਵਿਦਿਆਰਥੀ ਆਪਣੀਆਂ ਪ੍ਰੀਖਿਆਵਾਂ ਨਹੀਂ ਦੇ ਸਕੇ ਸਨ। ਇਹਨਾਂ ਮਿਸ ਹੋਏ ਪਰਚਿਆਂ ਦੀ ਪ੍ਰੀਖਿਆ ਲਈ ਨਵੀਂਆਂ ਮਿਤੀਆਂ ਇਸ ਦਫ਼ਤਰ ਦੇ ਪੱਤਰ ਨੰ: 6015/ਕੰਟਰੋਲਰ ਮਿਤੀ 19-06-2023 ਰਾਹੀਂ ਘੋਸ਼ਿਤ ਕੀਤੀਆਂ ਗਈਆਂ ਹਨ।

ਇਸ ਪੱਤਰ ਦੀ ਲਗਾਤਾਰਤਾ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ **ਕੇਵਲ ਬੀ.ਕਾਮ. ਸਮੈਸਟਰ-ਦੂਜਾ ਦੇ ਪੇਪਰ ਬੀ.ਸੀ.-203 : ਫਾਈਨਾਂਸ਼ੀਅਲ ਅਕਾਂਊਟਿੰਗ-2 (7904) ਅਤੇ ਬੀ.ਕਾਮ. ਸਮੈਸਟਰ-ਛੇਵਾਂ ਦੇ ਪੇਪਰ ਬੀ.ਸੀ.ਓ.ਯੂ.-3604 ਟੀ : ਕੋਸਟ ਅਕਾਂਊਟਿੰਗ-2 (7944)** ਦੀ ਪ੍ਰੀਖਿਆ ਪ੍ਰਬੰਧਕੀ ਕਾਰਣਾਂ ਕਰਕੇ ਮਿਤੀ 30-06-2023 ਦੀ ਬਜਾਏ ਮਿਤੀ 1-7-2023 (ਸ਼ਨਿੱਚਰਵਾਰ) ਨੂੰ ਹੋਵੇਗੀ। ਇਹ ਸਪਸ਼ਟ ਹੈ ਕਿ ਇਨ੍ਹਾਂ ਪ੍ਰੀਖਿਆਵਾਂ ਦਾ ਸਮਾਂ ਅਤੇ ਸਥਾਨ (ਪ੍ਰੀਖਿਆ ਕੇਂਦਰ) ਪਹਿਲਾਂ ਵਾਲਾ ਹੀ ਰਹੇਗਾ।

ਬੀ.ਕਾਮ. ਦੀਆਂ ਉਪਰੋਕਤ ਦਰਸਾਈਆਂ ਪ੍ਰੀਖਿਆਵਾਂ ਤੋਂ ਬਿਨਾਂ ਬਾਕੀ ਪ੍ਰੀਖਿਆਵਾਂ ਪੱਤਰ ਨੰ: 6015/ਕੰਟਰੋਲਰ ਮਿਤੀ 19-06-2023 ਅਨੁਸਾਰ ਨਿਰਧਾਰਿਤ ਮਿਤੀਆਂ ਅਨੁਸਾਰ ਹੀ ਹੋਣਗੀਆਂ।

ਡਿਪਟੀ ਰਜਿਸਟਰਾਰ (ਪ੍ਰੀਖਿਆਵਾਂ)